ਮੰਨਜੂਰੀ ਨੰ: 24/2020-21

ਪੰਜਾਬ ਸਰਕਾਰ
ਯੋਜਨਾਬੰਦੀ ਵਿਭਾਗ
(ਸਥਾਨਕ ਯੋਜਨਾ ਸ਼ਾਖਾ)

ਸੇਵਾ ਵਿਖੇ

ਡਿਪਟੀ ਕਮਿਸ਼ਨਰ
ਅਮ੍ਰਿਤਸਰ।

ਮੀਮੋ ਨੰ 10-ਪਸਪਬ-ਡੀ.ਡੀ(ਸਯ)2020-21/4241
ਮਿਤੀ: 25-9-2020

**ਵਿਸ਼ਾ : ਪੀ.ਐਮ-10 "ਸਟੇਟ ਲੈਵਲ ਇਨੀਸ਼ੀਏਟਿਵ (ਪੰਜਾਬ ਨਿਰਮਾਣ ਪ੍ਰੋਗਰਾਮ)" ਅਧੀਨ ਸਾਲ 2020-21 ਦੌਰਾਨ ਜਿਲ੍ਹਾ ਅਮ੍ਰਿਤਸਰ ਦੇ ਵਿਕਾਸ ਕੰਮਾਂ ਲਈ ਫੰਡਜ਼ ਜਾਰੀ ਕਰਨ ਬਾਰੇ।**

ਰਾਜਪਾਲ, ਪੰਜਾਬ ਜੀ ਸਕੀਮ ਪੀ.ਐਮ-10"ਸਟੇਟ ਲੈਵਲ ਇਨੀਸ਼ੀਏਟਿਵਜ (ਪੰਜਾਬ ਨਿਰਮਾਣ ਪ੍ਰੋਗਰਾਮ) " ਅਧੀਨ ਸਾਲ 2020-21 ਦੌਰਾਨ ਜ਼ਿਲ੍ਹਾ ਅਮ੍ਰਿਤਸਰ ਵਿਖੇ ਵੱਖ-2 ਵਿਕਾਸ ਕਾਰਜਾ ਲਈ 125.00 ਲੱਖ ਰੁਪਏ (ਕੇਵਲ ਇੱਕ ਕਰੋੜ ਪੰਚੀ ਲੱਖ ਰੁਪਏ) ਦੀ ਰਾਸ਼ੀ ਸਮੇਤ ਸਪੈਸ਼ਲ ਕੰਪੋਨੈਂਟ ਪਲਾਨ ਜਾਰੀ ਕਰਨ ਸਬੰਧੀ ਪ੍ਰਸੰਨਤਾ ਪੂਰਵਕ ਪ੍ਰਵਾਨਗੀ ਦਿੰਦੇ ਹਨ:-

ਜ਼ਿਲ੍ਹਾ : ਅਮ੍ਰਿਤਸਰ (ਰਾਸ਼ੀ ਲੱਖਾਂ ਵਿੱਚ)

| ਲੜੀ ਨੰ: | ਸੰਸਥਾ | ਕਾਰਜਕਾਰੀ ਏਜੰਸੀ | ਮੰਤਵ | ਮੰਗ ਨੰ: 19, ਮੁੱਖ ਮੱਦ 5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ | | ਕੁੱਲ ਜੋੜ (5+6) |
|---|---|---|---|---|---|---|
| | | | | 112 ਅੰਕੜੇ-06.00- 53 ਮੇਜਰ ਵਰਕਸ (VT) | 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ-03.00- 53 ਮੇਜਰ ਵਰਕਸ (VT) | |
| 1 | 2 | 3 | 4 | 5 | 6 | 7 |
| 1. | ਡਿਪਟੀ ਕਮਿਸ਼ਨਰ, ਅਮ੍ਰਿਤਸਰ | ਕਮਿਸ਼ਨਰ, ਮਿਊਂਸਪਲ ਕਾਰਪੋਰੇਸ਼ਨ, ਅੰਮ੍ਰਿਤਸਰ | ਵਿਧਾਨ ਸਭਾ ਹਲਕਾ (ਸੈਂਟਰਲ) ਅੰਮ੍ਰਿਤਸਰ ਵਿਖੇ ਸੁਪਰ ਸ਼ੱਕਰ ਮਸ਼ੀਨਾਂ ਵਾਸਤੇ। | 34.00 | 16.00 | 50.00 |
| 2. | ਡਿਪਟੀ ਕਮਿਸ਼ਨਰ, ਅਮ੍ਰਿਤਸਰ | ਪ੍ਰਿੰਸੀਪਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਪਿੰਡ ਭੀਲੋਵਾਲ ਪੱਕਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ। | ਸਕੂਲ ਦੇ ਬੁਨਿਆਦੀ ਢਾਂਚੇ ਦੀ ਕਰੀਏਸ਼ਨ, ਨਵੀਨੀਕਰਨ ਅਤੇ ਵਿਕਾਸ ਕੰਮਾਂ ਲਈ। | 17.00 | 8.00 | 25.00 |
| 3. | ਡਿਪਟੀ ਕਮਿਸ਼ਨਰ, ਅਮ੍ਰਿਤਸਰ | ਸਰਪੰਚ, ਗ੍ਰਾਮ ਪੰਚਾਇਤ ਭੀਲੋਵਾਲ ਪੱਕਾ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ। | ਪਿੰਡ ਭੀਲੋਵਾਲ ਪੱਕਾ ਦੇ ਵਿਕਾਸ ਕਾਰਜਾਂ ਲਈ। | 17.00 | 8.00 | 25.00 |
| 4. | ਡਿਪਟੀ ਕਮਿਸ਼ਨਰ, ਅਮ੍ਰਿਤਸਰ | ਡਿਪਟੀ ਕਮਿਸ਼ਨਰ ਅਮ੍ਰਿਤਸਰ | ਗੁਰੂ ਰਾਮ ਦਾਸ ਕੁਸ਼ਟ ਆਸ਼ਰਮ (ਲੈਪਰੋਸੀ ਕਲੋਨੀ) ਝਬਾਲ ਰੋਡ ਅਮ੍ਰਿਤਸਰ ਦੇ ਵਿਕਾਸ ਕੰਮ | 17.00 | 8.00 | 25.00 |
| | | | **ਕੁੱਲ ਜੋੜ** | **85.00** | **40.00** | **125.00** |

PNP202-21/PNPSanctions/Draft Sanctions2020-21

Scanned with CamScanner

2. ਇਹ ਰਾਸ਼ੀ ਵਿੱਤ ਵਿਭਾਗ ਦੇ ਅੰ.ਵਿ.ਪੱ.ਨੰ: Misc/6/2020/IFE6/1/28187/2020 ਮਿਤੀ 26-05-2020 ਅਤੇ ਅੰ.ਵਿ.ਪੱ.ਨੰ: Misc/6/2020/IFE6/1/36467/2020 ਮਿਤੀ 17-06-2020 ਦੀ ਪ੍ਰਵਾਨਗੀ ਅਨੁਸਾਰ ਜਾਰੀ ਕੀਤੀ ਜਾ ਰਹੀ ਹੈ।

3. ਇਹ ਮੰਨਜ਼ੂਰੀ ਹੇਠ ਦਰਸਾਈਆਂ ਸ਼ਰਤਾਂ ਅਨੁਸਾਰ ਜਾਰੀ ਕੀਤੀ ਜਾਂਦੀ ਹੈ:-

ੳ) ਇਹ ਖਰਚਾ ਸਾਲ 2020-21 ਦੌਰਾਨ ਯੋਜਨਾਬੰਦੀ ਦੀ ਮੰਗ ਨੰ:19, ਦੀ ਮੁੱਖ ਮੱਦ '5475-ਹੋਰ ਆਮ ਆਰਥਿਕ ਸੇਵਾਵਾਂ ਅਤੇ ਪੂੰਜੀਗਤ ਲਾਗਤ 112 ਅੰਕੜੇ-ਐਸ.ਓ.ਈ 06.00-53 ਮੇਜਰ ਵਰਕਸ (ਵੀਟੀ) (4760 ਲੱਖ ਰੁਪਏ), 789-ਅਨੁਸੂਚਿਤ ਜਾਤੀਆਂ ਲਈ ਸਪੈਸ਼ਲ ਕੰਪੋਨੈਂਟ ਪਲਾਨ -ਐਸ.ਓ.ਈ 03.00-53 ਮੇਜਰ ਵਰਕਸ (ਵੀਟੀ) (2240 ਲੱਖ ਰੁਪਏ) ਸਕੀਮ ਪੀ.ਐਮ 10 'ਸਟੇਟ ਲੈਵਲ ਇਨੀਸ਼ੀਏਟਿਵਜ਼ (ਪੰਜਾਬ ਨਿਰਮਾਣ ਪ੍ਰੋਗਰਾਮ),' ਅਧੀਨ ਕੀਤਾ ਜਾਵੇਗਾ।

ਅ) ਇਹ ਖਰਚਾ ਪੰਜਾਬ ਨਿਰਮਾਣ ਪ੍ਰੋਗਰਾਮ ਤਹਿਤ ਫੰਡਾਂ ਦੀ ਵਰਤੋ ਸਬੰਧੀ ਮਿਤੀ 11/01/2006 ਅਤੇ ਸਮੇ ਸਮੇ ਜਾਰੀ ਕੀਤੀਆਂ ਅਗਵਾਈ ਲੀਹਾਂ ਅਨੁਸਾਰ ਕੀਤਾ ਜਾਵੇਗਾ।

ੲ) ਇਹ ਖਰਚਾ ਸੈਕਸ਼ਨ ਵਿੱਚ ਦਰਜ ਕੰਮਾਂ ਅਤੇ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਨੂੰ ਭੇਜੇ ਤਖਮੀਨੇ ਅਤੇ ਵਿਕਾਸ ਕਾਰਜ਼ਾਂ ਦੀ ਡਿਟੇਲ ਅਨੁਸਾਰ ਹੀ ਕੀਤਾ ਜਾਵੇਗਾ। ਜੇਕਰ ਇਹਨਾਂ ਕਾਰਜਾਂ ਵਿੱਚ ਲੋੜੀਂਦੀ ਸੋਧ ਕਰਵਾਉਣੀ ਹੋਵੇ ਤਾਂ ਵਿੱਤ ਅਤੇ ਯੋਜਨਾ ਮੰਤਰੀ ਪੰਜਾਬ ਜੀ ਰਾਹੀਂ ਪਹੁੰਚ ਕੀਤੀ ਜਾਵੇ।

(ਸ) ਕੀਤੇ ਜਾਣ ਵਾਲੇ ਕੰਮਾਂ ਦੀ ਪ੍ਰਗਤੀ ਰਿਪੋਰਟ ਅਤੇ ਵਰਤੋ ਸਰਟੀਫਿਕੇਟ ਸਬੰਧਤ ਡਿਪਟੀ ਕਮਿਸ਼ਨਰ ਵਲੋ ਮੁਹੱਈਆ ਕਰਵਾਏ ਜਾਣਗੇ।

(ਹ) ਡਿਪਟੀ ਕਮਿਸ਼ਨਰ ਜਾਰੀ ਕੀਤੇ ਫੰਡਾਂ ਅਤੇ ਇਨ੍ਹਾਂ ਦੀ ਵਰਤੋ ਬਾਰੇ ਪੂਰਾ ਅਤੇ ਠੀਕ ਰਿਕਾਰਡ ਰੱਖਣ ਲਈ ਜਿੰਮੇਵਾਰ ਹੋਣਗੇ।

(ਕ) ਜਿਥੇ ਜ਼ਰੂਰੀ ਹੋਵੇ, ਰਾਸ਼ੀ ਜਾਰੀ ਕਰਨ ਤੋ ਪਹਿਲਾਂ ਲਾਗਤ ਦੇ ਤਖਮੀਨੇ ਅਧਿਕਾਰਤ ਅਥਾਰਟੀ ਤੋ ਪ੍ਰਵਾਨ ਕਰਵਾਏ ਜਾਣ।

(ਖ) ਖਰਚੇ ਨੂੰ ਮਹਾਂ ਲੇਖਾਕਾਰ, ਪੰਜਾਬ ਦੇ ਦਫਤਰ ਨਾਲ ਮਿਲਾਨ ਕਰਵਾਉਣਾ ਯਕੀਨੀ ਬਣਾਇਆ ਜਾਵੇ।

(ਗ) ਸਬੰਧਤ ਏਜੰਸੀ ਵੱਲੋਂ ਇਸ ਰਾਸ਼ੀ ਦੇ ਡੀ.ਸੀ.ਬਿਲ ਏ.ਜੀ.ਪੰਜਾਬ ਨੂੰ ਸਮੇ ਸਿਰ ਭੇਜਣੇ ਯਕੀਨੀ ਬਣਾਏ ਜਾਣ ਅਤੇ ਇਸ ਦੀ ਸੂਚਨਾ ਯੋਜਨਾਬੰਦੀ ਵਿਭਾਗ ਨੂੰ ਵੀ ਭੇਜੀ ਜਾਵੇ।

ਜਸਪਾਲ ਸਿੰਘ
ਮਿਤੀ: 24-9-2020 ਪ੍ਰਮੁੱਖ ਸਕੱਤਰ ਯੋਜਨਾ

ਪਿੱਠ ਅੰਕਣ ਨੰ:10-ਪਸਪਬ-ਡ.ਡ(ਸਯ)2020-21/4242 ਮਿਤੀ:25-9-2020

ਇਸ ਦਾ ਇਕ ਉਤਾਰਾ ਸਕੱਤਰ/ਵਿੱਤ ਤੇ ਯੋਜਨਾ ਮੰਤਰੀ, ਪੰਜਾਬ ਨੂੰ ਉਨ੍ਹਾਂ ਦੇ ਡਿਸਪੈਚ ਨੰ: 674 ਅਤੇ 675 ਮਿਤੀ 22-09-2020 ਦੇ ਸਬੰਧ ਵਿੱਚ ਵਿੱਤ ਅਤੇ ਯੋਜਨਾ ਮੰਤਰੀ, ਪੰਜਾਬ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ:10-ਪਸਪਬ-ਡ.ਡ(ਸਯ)2020-21/4243 ਮਿਤੀ:25-9-2020

ਇਸ ਦਾ ਇਕ ਉਤਾਰਾ ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਜੀ ਨੂੰ ਮੁੱਖ ਮੰਤਰੀ ਜੀ ਦੀ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

ਡਾਇਰੈਕਟਰ ਯੋਜਨਾ



Scanned with CamScanner

ਪਿੱਠ ਅੰਕਣ ਨੰ:10-ਪਸਪਬ-ਡ.ਡ(ਸਯ)2020-21/4244-51 ਮਿਤੀ:25-9-2020

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ ਵਿੱਤ, ਵਿੱਤ ਵਿਭਾਗ, ਪੰਜਾਬ।
2. ਡਾਇਰੈਕਟਰ, ਖਜ਼ਾਨਾ ਅਤੇ ਲੇਖਾ, ਵਿੱਤ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ-ਕਮ-ਸੰਯੁਕਤ ਸਕੱਤਰ, ਸਡਿਊਲਡ ਕਾਸਟਸ ਸਬ ਪਲਾਨ, ਭਲਾਈ ਵਿਭਾਗ।
4. ਮਹਾਂਲੇਖਾਕਾਰ(ਏ ਐਡ ਈ), ਪੰਜਾਬ, ਚੰਡੀਗੜ੍ਹ।
5. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
6. ਵਧੀਕ ਡਿਪਟੀ ਕਮਿਸ਼ਨਰ(ਵਿਕਾਸ),ਜ਼ਿਲ੍ਹਾ ਅਮ੍ਰਿੰਤਸਰ।
7. ਡਿਪਟੀ ਕੰਟਰੋਲਰ(ਐਫ ਐਂਡ ਏ), ਅੰਦਰੂਨੀ ਆਡਿਟ ਸੰਸਥਾ, ਜ਼ਿਲ੍ਹਾ ਅਮ੍ਰਿੰਤਸਰ।
8. ਜ਼ਿਲ੍ਹਾ ਖਜ਼ਾਨਾ ਅਫ਼ਸਰ, ਜ਼ਿਲ੍ਹਾ ਅਮ੍ਰਿੰਤਸਰ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ:10-ਪਸਪਬ-ਡ.ਡ(ਸਯ)2020-21/4252 ਮਿਤੀ:25-9-2020

ਇਸ ਦਾ ਇੱਕ ਉਤਾਰਾ ਉਪ ਅਰਥ ਤੇ ਅੰਕੜਾ ਸਲਾਹਕਾਰ, ਜ਼ਿਲ੍ਹਾ ਅਮ੍ਰਿੰਤਸਰ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਹ ਰਾਸ਼ੀ ਸੈਕਸ਼ਨ ਵਿੱਚ ਦਰਸਾਏ ਕੰਮਾਂ ਤੇ ਹੀ ਖਰਚ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਯੋਜਨਾ

ਪਿੱਠ ਅੰਕਣ ਨੰ:10-ਪਸਪਬ-ਡ.ਡ(ਸਯ)2020-21/4253 ਮਿਤੀ:25-9-2020

ਇਸ ਦਾ ਇੱਕ ਉਤਾਰਾ ਪ੍ਰੋਗਰਾਮਰ, ਪੰਜਾਬ ਰਾਜ ਯੋਜਨਾ ਬੋਰਡ ਨੂੰ ਭੇਜਦੇ ਹੋਏ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਸ਼ੈਕਸ਼ਨ ਨੂੰ ਪੰਜਾਬ ਰਾਜ ਯੋਜਨਾ ਬੋਰਡ ਦੀ ਵੈਬ ਸਾਈਟ ਤੇ ਅਪਲੋਡ ਕੀਤਾ ਜਾਵੇ।

ਡਾਇਰੈਕਟਰ ਯੋਜਨਾ



Scanned with CamScanner